# ਪੰਜਾਬ ਸਰਕਾਰ
## ਸਿੱਖਿਆ ਵਿਭਾਗ
### (ਸਿੱਖਿਆ- 6 ਸ਼ਾਖਾ)

ਸੇਵਾ ਵਿਖੇ,

1) ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਮੋਹਾਲੀ।
2) ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿੱ), ਪੰਜਾਬ, ਮੋਹਾਲੀ।
3) ਡਾਇਰੈਕਟਰ, ਸਿੱਖਿਆ ਵਿਭਾਗ (ਐ:ਸਿੱ), ਪੰਜਾਬ, ਮੋਹਾਲੀ।
4) ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ।
5) ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ, ਮੋਹਾਲੀ।
6) ਡਾਇਰੈਕਟਰ, ਭਰਤੀ ਡਾਇਰੈਕਟੋਰੇਟ, ਪੰਜਾਬ, ਮੋਹਾਲੀ।

ਮੀਮੋ ਨੰ: SED-EDU6011/26/2023-4EDU6/525832/1
ਮਿਤੀ, ਚੰਡੀਗੜ੍ਹ:- 10-03-2023

**ਵਿਸ਼ਾ:** ਜਿਲ੍ਹਾ ਮੀਡੀਆ ਕੁਆਰਡੀਨੇਟਰ ਅਤੇ ਬਲਾਕ ਮੀਡੀਆ ਕੁਆਰਡੀਨੇਟਰ ਦੇ ਆਹੁਦੇ ਤੁਰੰਤ ਪ੍ਰਭਾਵ ਤੋਂ ਖਤਮ ਕਰਨ ਸਬੰਧੀ।

*******

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2) ਵਿਸ਼ਾ ਅੰਕਿਤ ਮਾਮਲੇ ਸਬੰਧੀ ਮਾਨਯੋਗ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ ਤੇ ਭਾਸ਼ਾ ਅਤੇ ਸਕੂਲ ਸਿੱਖਿਆ ਮੰਤਰੀ, ਪੰਜਾਬ ਤੋਂ ਪ੍ਰਾਪਤ ਹੁਕਮਾਂ ਅਨੁਸਾਰ (ਕਾਪੀ ਨੱਥੀ) ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਜਿਲ੍ਹਾ ਪੱਧਰ ਤੇ ਜਿਲ੍ਹਾ ਮੀਡੀਆ ਕੁਆਰਡੀਨੇਟਰ ਅਤੇ ਬਲਾਕ ਪੱਧਰ ਤੇ ਬਲਾਕ ਮੀਡੀਆ ਕੁਆਰਡੀਨੇਟਰ ਆਹੁਦਿਆਂ ਦੀ ਜਰੂਰਤ ਨਹੀਂ ਹੈ। ਇਸ ਲਈ ਇਹਨਾਂ ਆਹੁਦਿਆਂ ਨੂੰ ਤੁਰੰਤ ਪ੍ਰਭਾਵ ਤੋਂ ਖਤਮ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਆਹੁਦਿਆਂ ਤੇ ਤੈਨਾਤ ਅਧਿਆਪਕ ਹੁਣ ਆਪਣੇ ਆਪਣੇ ਸਕੂਲਾਂ ਵਿੱਚ ਡਿਊਟੀ ਦੇਣਗੇ ਭਾਵ ਬੱਚਿਆਂ ਨੂੰ ਪੜ੍ਹਾਉਣ ਦਾ ਹੀ ਕੰਮ ਕਰਨਗੇ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਉਪ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਅਤੇ ਉੱਪ ਜਿਲ੍ਹਾ ਅਫਸਰ (ਐਸਿ) ਆਪਣੇ-ਆਪਣੇ ਜਿਲ੍ਹੇ ਵਿੱਚ ਬਤੌਰ ਮੀਡੀਆ ਕੁਆਰਡੀਨੇਟਰ ਇੰਚਾਰਜ ਵਜੋਂ ਕੰਮ ਕਰਨਗੇ। ਉਹ ਮੁੱਖ ਦਫਤਰ ਅਤੇ ਸਬੰਧਤ ਜਿਲ੍ਹਿਆਂ ਦੇ ਜਿਲ੍ਹਾ ਸਿੱਖਿਆ ਅਫਸਰਾਂ ਦੀ ਅਗਵਾਈ ਹੇਠ ਆਪਣੇ ਜਿਲ੍ਹੇ ਦੀ ਅਗਵਾਈ ਹੇਠ ਆਪਣੇ ਜਿਲ੍ਹੇ ਦੀਆਂ ਮੀਡੀਆ ਸਰਗਰਮੀਆਂ ਨੂੰ ਚਲਾਉਣ ਲਈ ਪਾਬੰਦ ਹੋਣਗੇ।

10.3.23
ਵਿਸ਼ੇਸ਼ ਸਕੱਤਰ, ਸਕੂਲ ਸਿੱਖਿਆ

ਪਿ:ਅ:ਨੰ: SED-EDU6011/26/2023-4EDU6/525832/2 ਮਿਤੀ, ਚੰਡੀਗੜ੍ਹ:-10-03-2023

ਉਪਰੋਕਤ ਦਾ ਉਤਾਰਾ ਸੁਪਰਡੰਟ, ਸਿੱਖਿਆ 2,3,4,5 ਅਤੇ 7 ਸ਼ਾਖਾ ਨੂੰ ਸਮੇਤ ਮਾਨਯੋਗ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ ਤੇ ਭਾਸ਼ਾ ਅਤੇ ਸਕੂਲ ਸਿੱਖਿਆ ਮੰਤਰੀ, ਪੰਜਾਬ ਤੋਂ ਪ੍ਰਾਪਤ ਹੁਕਮਾਂ ਦੀ ਕਾਪੀ ਸੂਚਨਾ/ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਸੁਪਰਡੰਟ